ਮੈਂ ਮੱਧ ਪ੍ਰਦੇਸ਼ ਅਤੇ ਛਤੀਸਗੜ੍ਹ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੀ ਸੰਗਤ ਅਤੇ ਅਹੁਦੇਦਾਰਾਂ ਦਾ ਖ਼ਾਸ ਤੌਰ 'ਤੇ ਧਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਅਪਣੇ ਸਾਲਾਨਾ ਇਜਲਾਸ ਵਿਚ ਮੁੱਖ ਭਾਸ਼ਣ (Key-note address) ਦੇਣ ਲਈ ਸੱਦਾ ਦਿਤਾ। ਆਪ ਜੀ ਦੇ ਕਹਿਣ 'ਤੇ ਹੀ ਮੈਂ ਸਿੱਖ ਦੀ ਅੱਡਰੀ ਪਛਾਣ (Sikh Identify) ਦਾ ਵਿਸ਼ਾ ਲਿਆ ਹੈ। ਵੈਸੇ ਤਾਂ ਇਸ ਵਿਸ਼ੇ ਦੇ ਕਈ ਪੱਖਾਂ 'ਤੇ ਮੈਂ ਕਾਫ਼ੀ ਕੁੱਝ ਲਿਖ ਕੇ ਛਾਪ ਚੁੱਕਾ ਹਾਂ, ਪਰ ਸਮੁੱਚੇ ਸਿੱਖ ਇਤਿਹਾਸ ਦੇ ਸੰਧਰਭ ਵਿਚ ਇਸ ਨੂੰ ਪਹਿਲੀ ਵਾਰ ਹੀ ਵਿਚਾਰ ਰਿਹਾ ਹਾਂ।

ਸਿੱਖ ਇਤਿਹਾਸ ਦੇ ਪਹਿਲੇ ਐਲਾਨਨਾਮੇ ਦੇ ਰੂਪ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਨੇ ਵੇਈਂ ਨਦੀ ਵਿਚੋਂ ਬਾਹਰ ਆ ਕੇ ਅਪਣੇ ਸ਼ਰਧਾਲੂਆਂ ਨੂੰ ਇਹ ਸੰਦੇਸ਼ ਦਿਤਾ ਸੀ :

**ਨਾ ਕੋਈ ਹਿੰਦੂ ਨ ਮੁਸਲਮਾਨ ॥**

ਉਨ੍ਹਾਂ ਦੇ ਇਸ ਕਥਨ ਬਾਰੇ ਵੱਖ-ਵੱਖ ਵਿਦਵਾਨਾਂ ਦੀਆਂ ਵੱਖ-ਵੱਖ ਰਾਵਾਂ ਹਨ। ਬਹੁਤੇ ਗ਼ੈਰ-ਸਿੱਖ ਵਿਦਵਾਨ ਇਸ ਦੀ ਵਿਆਖਿਆ (interpretation) ਕਰਦੇ ਹੋਏ ਸਮਝਦੇ ਹਨ ਕਿ ਇਸ ਦਾ ਮਤਲਬ ਇਹ ਹੈ ਕਿ ਉਸ ਵੇਲੇ ਹਿੰਦੂ ਮੱਤ ਅਤੇ ਇਸਲਾਮ ਦੋਹਾਂ ਵਿਚ ਗਿਰਾਵਟ ਆ ਚੁੱਕੀ ਸੀ ਅਤੇ ਇਨ੍ਹਾਂ ਵਿਚ ਕਾਫ਼ੀ ਸੁਧਾਰ ਦੀ ਗੁੰਜਾਇਸ਼ ਸੀ, ਪਰ ਸਿੱਖ ਵਿਦਵਾਨ ਇਸ ਵਿਆਖਿਆ ਨਾਲ ਸਹਿਮਤ ਨਹੀਂ। ਉਨ੍ਹਾਂ ਦੇ ਮੱਤ ਅਨੁਸਾਰ, ਸ੍ਰੀ ਗੁਰੂ ਨਾਨਕ ਸਾਹਿਬ ਜੀ ਇਨ੍ਹਾਂ ਧਰਮਾਂ ਦੀ ਥਾਂ ਇਕ ਨਵਾਂ ਨਰੋਆ ਸਮਾਜਕ ਧਰਮ (A new social Religion) ਸਥਾਪਤ ਕਰਨਾ ਚਾਹੁੰਦੇ ਸਨ ਅਤੇ ਇਸ ਐਲਾਨ ਦਾ ਉਦੇਸ਼ ਸਿੱਖ ਧਰਮ ਦੇ ਸਿਧਾਂਤ ਦੀ ਪ੍ਰਭੁਸੱਤਾ (Sovereignity of the Sikh doctrine) ਅਤੇ ਨਿਆਰੀ, ਵਿਲੱਖਣ ਪੰਥਕ ਹਸਤੀ ਨੂੰ ਕਾਇਮ ਕਰਨਾ ਸੀ। ਵਿਦਵਾਨਾਂ ਦੀ ਇਸ ਬਹਿਸ 'ਤੇ ਨਿਰਣਾਇਕ ਵਿਚਾਰ ਭਾਈ ਗੁਰਦਾਸ ਜੀ ਦੀ ਅਪਣੀ ਕਲਮ ਤੋਂ ਭਲੀ ਭਾਂਤ ਮਿਲਦੀ ਹੈ। ਉਹ ਲਿਖਦੇ ਹਨ :

*'ਮਾਰਿਆ ਸਿੱਕਾ ਜਗਤਿ ਵਿਚਿ*
*ਨਾਨਕ ਨਿਰਮਲ ਪੰਥੁ ਚਲਾਇਆ ॥'*

ਉਪਰੋਕਤ ਵਾਕ ਨੂੰ ਸੋਚਣ-ਵਿਚਾਰਨ ਤੋਂ ਬਾਅਦ ਇਸ ਮਾਮਲੇ 'ਤੇ ਦੋ ਰਾਵਾਂ ਨਹੀਂ ਰਹਿ ਜਾਂਦੀਆਂ। ਜੇ ਦਸ ਗੁਰੂ ਸਾਹਿਬਾਨ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਸਹਿਜੇ ਹੀ ਪਤਾ ਚਲ ਜਾਂਦਾ ਹੈ ਕਿ ਸਾਰੇ ਦੇ ਸਾਰੇ ਗੁਰੂ ਸਾਹਿਬਾਨ ਅਪਣੇ-ਅਪਣੇ ਸਮੇਂ ਇਸ ਵਖਰੇ ਪੰਥ ਦੀ ਸਿਰਜਣਾ ਲਈ ਕੁੱਝ ਨਾ ਕੁੱਝ ਨਵੀਂ ਵਿਉਂਤਬੰਦੀ ਕਰਦੇ ਰਹੇ। ਭਾਰਤ ਦੇ ਇਤਿਹਾਸ ਵਿਚ ਇਸ ਤੋਂ ਪਹਿਲਾ ਕੋਈ ਅਜਿਹੀ ਕੋਸ਼ਿਸ਼ ਵੇਖਣ ਨੂੰ ਨਹੀਂ ਮਿਲਦੀ। ਦੂਜੇ ਗੁਰੂ ਸਾਹਿਬ ਨੇ ਦੇਵ-ਭਾਸ਼ਾ ਸੰਸਕ੍ਰਿਤ, ਫ਼ਾਰਸੀ, ਅਰਬੀ, ਪਾਲੀ ਆਦਿ ਦੀ ਬਜਾਏ ਉਸ ਵੇਲੇ ਦੀ ਲੋਕ-ਬੋਲੀ ਨੂੰ ਸਮਾਜਕ ਅਤੇ ਧਾਰਮਕ ਉਦੇਸ਼ ਦਾ ਮਾਧਿਅਮ ਬਣਾਇਆ ਤਾਕਿ ਗ਼ਰੀਬ ਅਤੇ ਅਖੌਤੀ ਛੋਟੀਆਂ ਜਾਤਾਂ ਦੇ ਲੋਕ ਗੁਰਮਤਿ ਵਿਚਾਰਧਾਰਾ ਨੂੰ ਸਹਿਜੇ ਹੀ ਸਮਝ ਸਕਣ ਅਤੇ ਇਸ ਨੂੰ ਅਪਣੇ ਜੀਵਨ ਵਿਚ ਢਾਲ ਕੇ ਇਕ ਨਵਾਂ-ਨਰੋਆ ਸਮਾਜ ਸਿਰਜ ਸਕਣ। ਜਾਤੀਵਾਦ ਦੇ ਕੋਹੜ ਨੂੰ ਜੜ੍ਹੋਂ ਪੁੱਟਣ ਲਈ ਉਨ੍ਹਾਂ ਨੇ ਲੰਗਰ, ਸੰਗਤ, ਪੰਗਤ ਅਤੇ ਧਰਮਸ਼ਾਲ ਦੇ ਸ਼ਕਤੀਸ਼ਾਲੀ ਅਦਾਰਿਆਂ (Institutions) ਨੂੰ ਜਨਮ ਦਿਤਾ। ਸ੍ਰੀ ਗੁਰੂ ਨਾਨਕ ਸਾਹਿਬ ਦਾ ਕਮਾਲ ਇਹ ਹੈ ਕਿ ਜਿਨ੍ਹਾਂ ਨੇ ਸਾਰੀ ਮਾਨਵਤਾ ਨੂੰ ਅਪਣਾ ਪਰਵਾਰ ਸਮਝਿਆ

ਇਸੇ ਸੰਧਰਭ ਵਿਚ ਜਦੋਂ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿ
ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਮਿਸ਼ਨ ਨੂੰ ਸੰਪੂਰਨ ਕਰਨ ਲ
ਸਿਰਜਣਾ ਕੀਤੀ (Khalsa is the fulfilment of Guru N
sion) ਤਾਂ ਇਕੋ ਮਕਸਦ ਪੰਥ ਅੱਗੇ ਰਖਿਆ ਕਿ ਖ਼ਾਲਸੇ ਨੇ
ਜ਼ੁਲਮ ਅਤੇ ਅਤਿਆਚਾਰ ਵਿਰੁਧ ਲੜਨਾ ਹੈ, ਚਾਹੇ ਉਹ
ਅਪਣਿਆਂ 'ਤੇ ਹੋ ਰਿਹਾ ਹੋਵੇ ਜਾਂ ਕਿਸੇ ਦੂਜੇ ਧਰਮ ਦੇ ਮਾਸੂ
ਲੋਕਾਂ 'ਤੇ ਹੀ ਰਿਹਾ ਹੋਵੇ। ਇਸੇ ਭਾਵਨਾ ਨੂੰ ਲੈ ਕੇ ਖ਼ਾਲਸੇ
ਅਬਦਾਲੀ ਦੇ ਹਮਲਿਆਂ ਵੇਲੇ ਮਜ਼ਲੂਮ ਹਿੰਦੂ ਧੀਆਂ, ਭੈਣਾਂ
ਛੁਡਾ ਕੇ ਉਨ੍ਹਾਂ ਦੇ ਆਪੋ-ਅਪਣੇ ਪ੍ਰਵਾਰਾਂ ਦੇ ਹਵਾਲੇ ਕੀਤਾ
ਨਹੀਂ, ਸਿੱਖ ਰਾਜ ਵੇਲੇ ਕਿਸੇ ਵੀ ਨਿਰਦੋਸ਼ ਮੁਸਲਮਾਨ ਨੂੰ ਕੋ
ਦਿਤੀ ਗਈ ਜਦਕਿ ਉਨ੍ਹਾਂ ਦੇ ਵਡੇਰਿਆਂ ਨੇ ਸਿੱਖ ਗੁਰੂ ਸਾਹਿ
ਪ੍ਰਵਾਰਾਂ ਅਤੇ ਆਮ ਸਿੱਖਾਂ ਨੂੰ ਸ਼ਹੀਦ ਕੀਤਾ ਸੀ ਅਤੇ ਸਿੱਖਾਂ
ਰੱਖੇ ਸਨ। ਸਿੱਖ ਰਾਜ ਵਿਚ ਕਿਸੇ ਮਸਜਿਦ ਨੂੰ ਕੋਈ ਨੁਕਸਾਨ ਪਹੁੰਚਾਉਣ ਦੀ ਆਗਿਆ

